

# ਸਕੂਲਾਂ ਅਤੇ ਖੇਡ ਦੇ ਮੈਦਾਨਾਂ ਨੇੜੇ ਟ੍ਰੈਫ਼ਿਕ ਸੁਰੱਖਿਆ ਨੂੰ ਸੁਧਾਰਨਾ



ਮਾਪਿਆਂ, ਜੋ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਜਾਂਦੇ ਹਨ, ਜਿਉਂ ਜਿਉਂ ਉਨ੍ਹਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ ਤਿਉਂ ਤਿਉਂ ਸਕੂਲਾਂ ਅਤੇ ਖੇਡ ਦੇ ਮੈਦਾਨਾਂ ਨੇੜੇ ਟ੍ਰੈਫ਼ਿਕ ਵਿੱਚ ਵੀ ਵਾਧਾ ਹੋ ਰਿਹਾ ਹੈ। ਮਾਪੇ ਹੋਣ ਵਜੋਂ, ਆਪਣੇ ਬੱਚਿਆਂ ਵਾਸਤੇ ਸੁਰੱਖਿਅਤ ਮਾਹੌਲ ਸਿਰਜਣ ਲਈ ਤੁਸੀਂ ਕਈ ਕੰਮ ਕਰ ਸਕਦੇ ਹੋ:

- ਕਾਰ ਨੂੰ ਘਰ ਰਹਿਣ ਦਿਓ ਅਤੇ ਆਪਣੇ ਬੱਚੇ ਨਾਲ ਸਕੂਲ ਪੈਦਲ ਚੱਲ ਕੇ ਜਾਓ।
- ਜੇ ਤੁਹਾਡਾ ਬੱਚਾ ਕਾਫ਼ੀ ਵੱਡਾ ਹੈ, ਤਾਂ ਉਸ ਨੂੰ ਸਕੂਲ ਜਾਣ ਲਈ ਬਰੈਂਪਟਨ ਟ੍ਰਾਜ਼ਿਟ ਲੈਣ ਦਿਓ ਜਾਂ ਪੈਦਲ, ਬਾਈਕ ਜਾ ਇਨ-ਲਾਈਨ ਸਕੇਟ ਵਰਤਣ ਦਿਓ।
- ਜੇ ਤੁਸੀਂ ਆਪਣੇ ਬੱਚੇ ਨੂੰ ਸਕੂਲ ਡਰਾਈਵ ਕਰ ਕੇ ਲਿਜਾਂਦੇ ਹੋ, ਤਾਂ ਸਕੂਲ ਅਤੇ ਖੇਡ ਦੇ ਮੈਦਾਨ ਨੇੜੇ ਟ੍ਰੈਫ਼ਿਕ ਦੇ ਸਾਈਨਾਂ ਤੋਂ ਚੇਤੰਨ ਰਹੋ ਅਤੇ ਉਨ੍ਹਾਂ ਦੀ ਪਾਲਣਾ ਕਰੋ।

## ਪਾਰਕ ਨਾ ਕਰੋ ਵਾਲੀ ਜਗ੍ਹਾ



ਪਾਰਕ ਨਾ ਕਰੋ ਵਾਲੀ ਜਗ੍ਹਾ ਪਾਰਕ ਨਾ ਕਰੋ। ਤੁਸੀਂ ਘੜੀ-ਦੋ-ਘੜੀ ਲਈ ਓਥੇ ਸਵਾਰੀ ਨੂੰ ਉਤਾਰਨ ਜਾਂ ਚੜ੍ਹਾਉਣ ਲਈ ਰੁਕ ਕਰ ਸਕਦੇ ਹੋ, ਪਰ ਗੱਡੀ ਵਿੱਚ ਬੈਠ ਕੇ ਉਡੀਕ ਨਹੀਂ ਕਰ ਸਕਦੇ ਜਾਂ ਗੱਡੀ ਨੂੰ ਛੱਡ ਕੇ ਨਹੀਂ ਜਾ ਸਕਦੇ।

## ਖੜ੍ਹੀ ਨਾ ਕਰੋ ਵਾਲੀ ਜਗ੍ਹਾ



ਕਿਸੇ ਵੀ ਕਾਰਨ ਖੜ੍ਹੀ ਨਾ ਕਰੋ ਵਾਲੀ ਜਗ੍ਹਾ ਗੱਡੀ ਖੜ੍ਹੀ ਨਾ ਕਰੋ। ਕਈ ਥਾਵਾਂ ਅਜਿਹੀਆਂ ਹੁੰਦੀਆਂ ਹਨ ਜਿੱਥੇ ਖੜ੍ਹੀ ਗੱਡੀ ਦੂਜੇ ਡਰਾਈਵਰਾਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਵੇਖਣ ਵਿੱਚ ਰੁਕਾਵਟ ਬਣ ਸਕਦੀ ਹੈ ਅਤੇ ਟੱਕਰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਹੇਠ ਦਰਜ ਥਾਵਾਂ ਵਿਖੇ ਤੁਸੀਂ ਖੜ੍ਹੀ ਨਾ ਕਰੋ ਵਾਲੀ ਜਗ੍ਹਾ ਵੇਖ ਸਕਦੇ ਹੋ:

- ਸਕੂਲ ਦੇ ਬੱਚਿਆਂ ਦੇ ਲੰਘਣ ਲਈ ਨਿਸਚਤ ਜਗ੍ਹਾ ਤੋਂ 15 ਮੀਟਰ ਦੇ ਅੰਦਰ ਅੰਦਰ
- ਚੁਰਾਹੇ ਤੋਂ 15 ਮੀਟਰ ਦੇ ਅੰਦਰ ਅੰਦਰ
- ਸਕੂਲ ਦੀ ਹੱਦ, ਖੇਡ ਦੇ ਮੈਦਾਨ ਜਾਂ ਪਾਰਕ ਦੇ ਨਾਲ ਸੜਕ ਦੇ ਦੋਹਾਂ ਪਾਸੇ

## ਕਿੱਸ ਐਂਡ ਰਾਈਡ

ਇਹ ਥਾਵਾਂ ਇਸ ਲਈ ਨਿਸਚਤ ਕੀਤੀਆਂ ਗਈਆ ਹਨ ਕਿ ਤੁਸੀਂ ਆਪਣੇ ਬੱਚਿਆਂ ਨੂੰ ਛੇਤੀ ਛੇਤੀ ਉਤਾਰ ਸਕੋ ਜਾਂ ਚੜ੍ਹਾਅ ਸਕੋ। ਕਿੱਸ ਐਂਡ ਰਾਈਡ ਵਾਲੀ ਜਗ੍ਹਾ ਆਪਣੀ ਕਾਰ ਨੂੰ ਪਾਰਕ ਨਾ ਕਰੋ ਜਾਂ ਛੱਡ ਕੇ ਨਾ ਜਾਓ।

## ਫ਼ਾਇਰ ਰੂਟਸ (ਅੱਗ ਬੁਝਾਉਣ ਵਾਲਿਆਂ ਲਈ ਲਾਂਘੇ)

ਐਮਰਜੈਂਸੀ ਦੀ ਸੂਰਤ ਵਿੱਚ ਫ਼ਾਇਰ ਰੂਟਾਂ ਰਾਹੀਂ ਅੱਗ ਬੁਝਾਉਣ ਵਾਲੇ ਅਤੇ ਐਮਰਜੈਂਸੀ ਵਾਲੇ ਕਰਮਚਾਰੀ ਇਮਾਰਤ ਤੀਕ ਤੇਜ਼ੀ ਨਾਲ ਪਹੁੰਚ ਸਕਦੇ ਹਨ। ਇਨ੍ਹਾਂ ਲਾਂਘਿਆਂ ਵਿੱਚ ਰੋਕ ਪਾਉਣਾ, ਭਾਵੇਂ ਤੁਸੀਂ ਬੱਚਿਆਂ ਨੂੰ ਉਤਾਰਦੇ ਹੋਵੋ ਜਾਂ ਚੜ੍ਹਾਉਂਦੇ ਹੋਵੇ, ਹਰ ਕਿਸੇ ਲਈ ਖ਼ਤਰਨਾਕ ਹੋ ਸਕਦਾ ਹੈ। ਇਸ ਤਰ੍ਹਾਂ ਫ਼ਾਇਰ ਰੂਟ ਦੀ ਦੁਰਵਰਤੋਂ ਕਰਨ ਕਰ ਕੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ।

## ਬੱਚਿਆਂ ਨੂੰ ਸੜਕ ਪਾਰ ਕਰਵਾਉਣ ਲਈ ਗਾਰਡ




ਚੁਰਾਹੇ ਦੇ ਗਾਰਡ ਵੱਲੋਂ ਦਿੱਤੇ ਸਟਾਪ ਸਾਈਨ ਦਾ ਓਨਾਂ ਹੀ ਕਨੂੰਨੀ ਅਧਿਕਾਰ ਹੁੰਦਾ ਹੈ ਜਿੰਨਾ ਕਿ ਚੁਰਾਹੇ ‘ਤੇ ਲੱਗੇ ਸਟਾਪ ਸਾਈਨ ਦਾ। ਇਸ ਅਧਿਕਾਰ ਨੂੰ ਆਂਟੇਰੀਓ ਹਾਈਵੇ ਟ੍ਰੈਫ਼ਿਕ ਐਕਟ ਵਿੱਚ ਪ੍ਰੀਭਾਸ਼ਤ ਕੀਤਾ ਗਿਆ ਹੈ। ਜਦੋਂ ਚੁਰਾਹੇ ਦਾ ਗਾਰਡ ਸਟਾਪ ਸਾਈਨ ਨੂੰ ਉੱਚਾ ਚੁੱਕ ਕੇ ਸੜਕ ਵਿੱਚ ਦਾਖ਼ਲ ਹੋਣ ਲੱਗਦਾ ਹੈ, ਤਾਂ ਤੁਹਾਨੂੰ ਗੱਡੀ ਜ਼ਰੂਰ ਖੜ੍ਹੀ ਕਰ ਲੈਣੀ ਚਾਹੀਦੀ ਹੈ ਅਤੇ ਓਦੋਂ ਤੀਕ ਖੜ੍ਹੀ ਰੱਖਣੀ ਚਾਹੀਦੀ ਹੈ ਜਦੋਂ ਤੀਕ ਬੱਚੇ ਅਤੇ ਚੁਰਾਹੇ ਦਾ ਗਾਰਡ ਸੜਕ ਪਾਰ ਨਹੀਂ ਕਰ ਲੈਂਦੇ।

## ਸਕੂਲ ਬੱਸਾਂ




ਹਰ ਸੜਕ ‘ਤੇ, ਅਜਿਹੇ ਗੱਡੀ ਚਾਲਕਾਂ, ਜੋ ਖੜ੍ਹੀ ਹੋਈ ਸਕੂਲ ਬੱਸ ਜਿਸ ਦੀਆਂ ਲਾਲ ਰੰਗ ਦੀਆਂ ਬਦਲਵੀਆਂ ਲਾਈਟਾਂ ਫ਼ਲੈਸ਼ ਕਰਦੀਆਂ ਹੋਣ, ਵੱਲ ਜਾ ਰਹੇ ਹੋਣ, ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਆਪਣੀ ਗੱਡੀ ਨੂੰ ਬੱਸ ਤੋਂ ਘੱਟੋ ਘੱਟ 20 ਮੀਟਰ ਪਹਿਲਾਂ ਖੜ੍ਹੀ ਲੈਣ। ਗੱਡੀ ਚਾਲਕ ਓਦੋਂ ਤੀਕ ਅੱਗੇ ਨਹੀਂ ਜਾ ਸਕਦੇ ਜਦੋਂ ਤੀਕ ਬੱਸ ਨਹੀਂ ਚੱਲ ਪੈਂਦੀ ਜਾਂ ਲਾਲ ਸਿਗਨਲ ਵਾਲੀਆਂ ਲਾਈਟਾਂ ਫ਼ਲੈਸ਼ ਕਰਨਾ ਬੰਦ ਨਹੀਂ ਕਰ ਦਿੰਦੀਆਂ।

## ਸਕੂਲ ਵਾਲੀ ਜਗ੍ਹਾ ਦੇ ਨੇੜੇ ਦੇ ਸਾਈਨ



ਇਹ ਸਾਈਨ ਗੱਡੀ ਚਾਲਕਾਂ ਨੂੰ ਚਿਤਾਵਨੀ ਦਿੰਦੇ ਹਨ ਕਿ ਉਹ ਸਕੂਲ ਦੇ ਨੇੜੇ ਪਹੁੰਚ ਰਹੇ ਹਨ। ਗੱਡੀ ਹੌਲ਼ੀ ਕਰੋ, ਵਧੇਰੇ ਸਾਵਧਾਨੀ ਨਾਲ ਚਲਾਓ ਅਤੇ ਵੇਖੋ ਕਿ ਕੋਈ ਬੱਚਾ ਰਸਤੇ ਵਿੱਚ ਨਾ ਹੋਵੇ।

## ਸਕੂਲ ਦੇ ਬੱਚਿਆਂ ਲਈ ਸੜਕ ਪਾਰ ਕਰਨ ਦੇ ਸਾਈਨ



ਇਹ ਸਾਈਨ ਸਕੂਲ ਦੇ ਬੱਚਿਆਂ ਦੇ ਲਾਂਘੇ ਬਾਰੇ ਚਿਤਾਵਨੀ ਦਿੰਦਾ ਹੈ। ਜਦੋਂ ਉਸ ਜਗ੍ਹਾ ਬੱਚਿਆਂ ਨੂੰ ਲੰਘਾਉਣ ਵਾਲਾ ਗਾਰਡ ਨਾ ਹੋਵੇ ਤਾਂ ਡਰਾਈਵਰਾਂ ਨੂੰ ਗੱਡੀ ਖੜ੍ਹੀ ਕਰਨ ਦੀ ਲੋੜ ਨਹੀਂ ਹੈ।

## ਸਾਈਨ, ਜੋ ਦੱਸਦਾ ਹੈ ਕਿ ਮੂਹਰੇ ਪੈਦਲ ਚੱਲਣ ਵਾਲਿਆਂ ਦਾ ਲਾਂਘਾ ਹੈ



ਇਹ ਸਾਈਨ ਗੱਡੀ ਚਲਾਉਣ ਵਾਲਿਆਂ ਲਈ ਇੱਕ ਤਰ੍ਹਾਂ ਦੀ ਸਮੇਂ ਤੋਂ ਪਹਿਲਾਂ ਚਿਤਾਵਨੀ ਹੁੰਦੀ ਹੈ ਕਿ ਇਸ ਜਗ੍ਹਾ ਦੇ ਨੇੜੇ ਤੇੜੇ ਪੈਦਲ ਚੱਲਣ ਵਾਲੇ ਹੋ ਸਕਦੇ ਹਨ।

## ਸਾਈਨ, ਜੋ ਦੱਸਦਾ ਹੈ ਕਿ ਮੂਹਰੇ ਖੇਡ ਦਾ ਮੈਦਾਨ ਹੈ



ਇਹ ਸਾਈਨ ਇੱਕ ਤਰ੍ਹਾਂ ਦੀ ਸਮੇਂ ਤੋਂ ਪਹਿਲਾਂ ਚਿਤਾਵਨੀ ਹੁੰਦੀ ਹੈ ਕਿ ਮੂਹਰੇ ਸੜਕੇ ਦੇ ਨੇੜੇ ਖੇਡਾਂ ਦਾ ਮੈਦਾਨ ਹੈ। ਹੋ ਸਕਦਾ ਹੈ ਕਿ ਉੱਥੇ ਖੇਡ ਦੇ ਮੈਦਾਨ ਨੂੰ ਆਉਣ ਜਾਂ ਜਾਣ ਵਾਲੇ ਬੱਚੇ ਹੋਣ।

## ਖ਼ਤਰਾ ਕਿਉਂ ਸਹੇੜਿਆ ਜਾਵੇ?

ਸਕੂਲ ਵਾਲੀ ਜਗ੍ਹਾ ਨਾਲ ਸੰਬੰਧਤ ਟ੍ਰੈਫ਼ਿਕ ਵਨਿਯਮਾਂ ਦੀ ਪਾਲਣਾ ਨਾ ਕਰਨ ਦੀ ਅਸਲ ਸਜ਼ਾ ਇਹ ਹੁੰਦੀ ਹੈ ਕਿ ਤੁਸੀਂ ਬੱਚਿਆਂ ਅਤੇ ਸੜਕ ਵਰਤਣ ਵਾਲੇ ਦੂਜੇ ਲੋਕਾਂ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾ ਸਕਦੇ ਹੋ। ਗੱਡੀ ਚਾਲਕ ਵਜੋਂ, ਇਹ ਜ਼ਰੂਰੀ ਹੁੰਦਾ ਹੈ ਕਿ ਆਪਣੀਆਂ ਸੜਕਾਂ ਨੂੰ ਸੁਰੱਖਿਅਤ ਰੱਖਣ ਲਈ ਤੁਸੀਂ ਟ੍ਰੈਫ਼ਿਕ ਨੂੰ ਕੰਟਰੋਲ ਕਰਨ ਵਾਲੇ ਵਨਿਯਮਾਂ ਅਤੇ ਸੁਰੱਖਿਆ ਦੇ ਤਰੀਕਿਆਂ ਦਾ ਆਦਰ ਕਰੋ, ਖ਼ਾਸ ਕਰ ਸਕੂਲਾਂ ਅਤੇ ਖੇਡ ਦੇ ਮੈਦਾਨਾਂ ਨੇੜੇ ।

2009-0828

Brampton Safety Council

ਵਧੇਰੇ ਜਾਣਕਾਰੀ ਲਈ ਫ਼ੋਨ ਕਰੋ

**905.874.2500 • TTY 905.874.2130**

BRAMPTON Flower City
brampton.ca